## ਰਿਕਾੱਰਡ ਰੱਖਣ ਦਾ ਕੰਮ

ਤੁਹਾਡੇ ਵਲੋਂ ਕੰਮ ਕਰ ਰਹੇ ਮੁਖ਼ਤਾਰ ਦਾ ਕੰਮ ਉਹਨਾਂ ਵਲੋਂ ਕੀਤੇ ਜਾ ਰਹੇ ਕੰਮ-ਕਾਜ ਦਾ ਰਿਕਾੱਰਡ ਰੱਖਣਾ ਹੁੰਦਾ ਹੈ। ਇਸਦਾ ਮਤਲਬ ਹੈ ਕਿ ਲੰਮੀ ਮਿਆਦ ਦੇ ਮੁਖ਼ਤਾਰਾਂ ਨੂੰ ਤੁਹਾਡੀ ਜਾਇਦਾਦ ਅਤੇ ਮਾਲੀ ਮਾਮਲਿਆਂ ਦੇ ਸਬੰਧ ਵਿਚ ਚੱਲ ਰਹੇ ਮਾਲੀ ਖਾਤਿਆਂ ਦਾ ਹਿਸਾਬ ਰੱਖਣਾ ਚਾਹੀਦਾ ਹੈ। ਭਲਾਈ ਸਬੰਧੀ ਮੁਖ਼ਤਾਰਾਂ ਨੂੰ ਤੁਹਾਡੇ ਭਲਾਈ ਸਬੰਧੀ ਮਾਮਲਿਆਂ ਦਾ ਰਿਕਾੱਰਡ ਰੱਖਣਾ ਚਾਹੀਦਾ ਹੈ। ਅਮਲ ਦੇ ਜ਼ਾਬਤੇ ਵਿਚ ਇਸ ਬਾਰੇ ਸੇਧ ਦਿੱਤੀ ਗਈ ਹੈ।

## ਕੀ ਹੁੰਦਾ ਹੈ, ਜੇ ਮੇਰਾ ਮੁਖ਼ਤਾਰ ਮੇਰੀ ਵਲੋਂ ਕੰਮ ਕਰਨ ਦੇ ਅਸਮਰੱਥ ਹੋ ਜਾਏ?

ਜੇ ਤੁਹਾਡਾ ਮੁਖ਼ਤਾਰ, ਤੁਹਾਡੇ ਲਈ ਕੰਮ ਕਰਨ ਦੇ ਸਮਰੱਥ ਨਹੀਂ ਹੈ, ਤਾਂ ਫਿਰ ਤੁਹਾਨੂੰ ਇੱਕ ਨਵਾਂ PoA ਬਣਾਉਣ ਦੀ ਲੋੜ ਪਏਗੀ, ਜੇ ਤੁਸੀਂ ਅਜੇ ਵੀ ਇੰਜ ਕਰ ਸਕਦੇ ਹੋ। ਇਸ ਕਰਕੇ, ਆਮ ਤੌਰ 'ਤੇ ਇੱਕ ਤੋਂ ਵੱਧ ਮੁਖ਼ਤਾਰ ਜਾਂ ਜੇ ਤੁਹਾਡਾ ਮੁਖ਼ਤਾਰ, ਤੁਹਾਡੇ ਲਈ ਹੁਣ ਕੰਮ ਨਹੀ ਕਰ ਸਕਦਾ, ਤਾਂ ਉਸਦੀ ਥਾਂ, ਸ਼ਾਇਦ ਜਿਸਨੂੰ ਇੱਕ ਬਦਲਵਾਂ ਮੁਖ਼ਤਾਰ ਕਿਹਾ ਜਾਂਦਾ ਹੈ, ਹੋਣਾ ਇੱਕ ਚੰਗਾ ਵਿਚਾਰ ਹੈ।

## ਕੀ ਹੁੰਦਾ ਹੈ, ਜੇ ਮੈਂ ਇੱਕ ਵਾਰੀ ਰਜਿਸਟਰਡ ਹੋਏ PoA ਨੂੰ ਰੱਦ ਕਰਨ ਦਾ ਫ਼ੈਸਲਾ ਕਰਨਾ ਚਾਹੁੰਦਾ/ਚਾਹੁੰਦੀ ਹਾਂ?

ਤੁਸੀਂ OPG ਨਾਲ ਇੱਕ ਵਾਰੀ ਰਜਿਸਟਰਡ ਹੋਏ ਆਪਣੇ PoA ਜਾਂ ਦਿੱਤੇ ਗਏ ਅਧਿਕਾਰਾਂ ਵਿਚੋਂ ਕੋਈ ਵੀ ਰੱਦ ਕਰ ਸਕਦੇ ਹੋ। ਇੰਜ ਕਿਵੇਂ ਕੀਤਾ ਜਾਏ, ਨੂੰ ਵਿਸਥਾਰ ਨਾਲ ਦੱਸਣ ਵਾਲੀ ਇੱਕ ਤੱਥ ਸ਼ੀਟ ਵੈਬਸਾਈਟ ਤੋਂ ਉਪਲਬਧ ਹੈ।

## ਮੈਂ ਹੋਰ ਮਦਦ ਜਾਂ ਜਾਣਕਾਰੀ ਕਿਥੋਂ ਹਾਸਿਲ ਕਰ ਸਕਦਾ/ਸਕਦੀ ਹਾਂ?

ਪਹਿਲੀ ਵਾਰੀ ਤੁਸੀਂ OPG ਨੂੰ ਟੈਲੀਫੋਨ ਕਰ ਸਕਦੇ ਹੋ ਜਾਂ ਵੈਬਸਾਈਟ 'ਤੇ ਨਜ਼ਰ ਮਾਰੋ, ਜੋ ਅਸੀਂ ਹੇਠਾਂ ਦਿੱਤੀ ਹੋਈ ਹੈ। ਤੁਹਾਡਾ ਸਥਾਨਕ ਸਿਟੀਜ਼ਨਸ ਐਡਵਾਈਜ਼ ਬਿਊਰੋ ਜਾਂ ਤੁਹਾਡਾ ਸਥਾਨਕ ਵਕੀਲ ਮਦਦ ਕਰ ਸਕਦਾ ਹੈ।


**ਸਰਕਾਰੀ ਸਰਪ੍ਰਸਤ ਦਾ ਦਫ਼ਤਰ (ਸਕਾੱਟਲੈਂਡ)**
**[Office of the Public Guardian (Scotland)]**
Hadrian House
Callendar Business Park
Callendar Road
Falkirk FK1 1XR

- ਟੈਲੀਫੋਨ: 01324 678300
- ਈਮੇਲ: opg@scotcourts.gov.uk
- www.publicguardian-scotland.gov.uk
- ਖੁੱਲ੍ਹਣ ਦਾ ਸਮਾਂ: ਸਵੇਰੇ 9-ਸ਼ਾਮੀਂ 5, ਸੋਮਵਾਰ-ਸ਼ੁੱਕਰਵਾਰ


ਜੇ ਦਫ਼ਤਰ ਆ ਰਹੇ ਹੋ, ਤਾਂ ਸਟਾਫ਼ ਦੇ ਸਬੰਧਿਤ ਮੈਂਬਰ ਨੂੰ ਮਿਲਣਾ ਯਕੀਨੀ ਬਣਾਉਣ ਲਈ, ਇਸ ਗੱਲ ਨੂੰ ਤਰਜੀਹ ਦਿੱਤੀ ਜਾਂਦੀ ਹੈ ਕਿ ਮੁਲਾਕਾਤ ਦਾ ਸਮਾਂ ਲਓ।

**ਸਿਟੀਜ਼ਨਸ ਐਡਵਾਈਜ਼ ਬਿਊਰੋ** ਲੋੜਵੰਦ ਲੋਕਾਂ ਨੂੰ ਮੁਫ਼ਤ ਸੁਤੰਤਰ ਸਲਾਹ ਅਤੇ ਜਾਣਕਾਰੀ ਦਿੰਦਾ ਹੈ। ਤੁਸੀਂ ਆਪਣੀ ਫੋਨ ਬੁੱਕ ਜਾਂ ਸਥਾਨਕ ਲਾਇਬ੍ਰੇਰੀ ਤੋਂ ਆਪਣੇ ਸਥਾਨਕ ਸਿਟੀਜ਼ਨਸ ਐਡਵਾਈਜ਼ ਬਿਊਰੋ ਦੇ ਪਤੇ ਲੱਭ ਸਕਦੇ ਹੋ ਜਾਂ ਆਪਣੇ ਇਲਾਕੇ ਵਿਚ ਬਿਊਰੋ ਦਾ ਪਤਾ ਲਾਉਣ ਲਈ ਸਿਟੀਜ਼ਨਸ ਐਡਵਾਈਜ਼ ਸਕਾੱਟਲੈਂਡ ਨਾਲ ਸੰਪਰਕ ਕਰੋ: www.cas.org.uk

OPG ਸਕਾੱਟਿਸ਼ ਕੋਰਟ ਸਰਵਿਸ ਦਾ ਹਿੱਸਾ ਹੈ।

INVESTOR IN PEOPLE

ਇਹ ਲੀਫ਼ਲੈਟ ਹੋਰਨਾਂ ਰੂਪਾਂ ਅਤੇ ਭਾਸ਼ਾਵਾਂ ਵਿਚ ਉਪਲਬਧ ਹੈ। ਜੇ ਤੁਸੀਂ ਇੱਕ ਵਿਸ਼ੇਸ਼ ਰੂਪ ਜਾਂ ਭਾਸ਼ਾ ਵਿਚ ਇਹ ਲੀਫ਼ਲੈਟ ਚਾਹੁੰਦੇ ਹੋ, ਤਾਂ ਕਿਰਪਾ ਕਰਕੇ OPG ਨਾਲ ਸੰਪਰਕ ਕਰੋ।

OPG ਲੈਂਗੁਏਜ ਲਾਈਨ ਅਤੇ ਟੈਕਸਟ ਰਿਲੇ ਸਰਵਿਸ ਲਈ ਸਬਸਕ੍ਰਾਈਬ ਕਰਦਾ ਹੈ।

ਇਸ ਲੜੀ ਵਿਚ ਹੋਰ ਲੀਫ਼ਲੈਟ ਉਪਲਬਧ ਹਨ:

- ਮੁਖ਼ਤਾਰਨਾਮਾ
- ਦਖ਼ਲਅੰਦਾਜ਼ੀ ਸਬੰਧੀ ਆਦੇਸ਼
- ਸਰਪ੍ਰਸਤੀ ਆਦੇਸ਼

OPG, ਇਸ ਲੀਫ਼ਲੈਟ ਦੇ ਮਜ਼ਮੂਨ ਬਾਰੇ ਤੁਹਾਡੀ ਕਿਸੇ ਵੀ ਰਾਇ ਜਾਂ ਟਿੱਪਣੀ ਦਾ ਸੁਆਗਤ ਕਰਦਾ ਹੈ।

ਅੰਕ, ਜੂਨ 2013

ਅਸਮਰੱਥ ਬਾਲਗ਼
(ਸਕਾੱਟਲੈਂਡ) ਕਾਨੂੰਨ 2000

# ਮੁਖ਼ਤਾਰਨਾਮਾ ਕੀ ਹੈ...

Office of the Public Guardian (Scotland)

## ਇਹ ਕੀ ਹੈ?

ਇਹ, ਤੁਹਾਡੇ ਵਲੋਂ ਕਾਰਵਾਈ ਕਰਨ ਜਾਂ ਫ਼ੈਸਲੇ ਲੈਣ ਲਈ ਕਿਸੇ ਹੋਰ ਨੂੰ ਅਖ਼ਤਿਆਰ ਦੇਣ ਵਾਲਾ ਇੱਕ ਲਿਖਤੀ ਦਸਤਾਵੇਜ਼ ਹੈ।

ਮੁਖ਼ਤਾਰਨਾਮੇ (PoA) ਦੇ ਦਸਤਾਵੇਜ਼ ਵਿਚ ਉਸ ਵਿਅਕਤੀ(ਆਂ) ਦੇ ਨਾਂ ਹੁੰਦੇ ਹਨ, ਜਿਹਨਾਂ ਤੋਂ ਤੁਸੀਂ ਮਦਦ ਚਾਹੁੰਦੇ ਹੋ, ਜਿਵੇਂ ਮੁਖ਼ਤਾਰ ਅਤੇ ਵਿਅਕਤੀਗਤ ਅਧਿਕਾਰਾਂ ਦੀ ਸੂਚੀ, ਜੋ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਮੁਖ਼ਤਾਰ ਨੂੰ ਹੋਣ। ਅਧਿਕਾਰ ਵਿਅਕਤੀਗਤ ਤੌਰ 'ਤੇ ਜ਼ਰੂਰ ਲਿਖੇ ਹੋਣੇ ਚਾਹੀਦੇ ਹਨ, ਤਾਂਜੋ ਇਹ ਗੱਲ ਸਪਸ਼ਟ ਹੋਵੇ ਕਿ ਤੁਹਾਡਾ ਮੁਖ਼ਤਾਰ ਤੁਹਾਡੇ ਵਲੋਂ ਕਿਹੜੇ ਫ਼ੈਸਲੇ ਕਰ ਸਕਦਾ ਹੈ। ਤੁਹਾਡਾ ਮੁਖ਼ਤਾਰ ਤੁਹਾਡੇ ਲਈ ਕਦੋਂ ਤੋਂ ਕੰਮ ਕਰਨਾ ਸ਼ੁਰੂ ਕਰੇਗਾ, ਨੂੰ ਵੀ PoA ਵਿਚ ਸ਼ਾਮਿਲ ਕੀਤਾ ਜਾਏਗਾ।

## ਇਹ ਕੀ ਕਰਦਾ ਹੈ?

ਇਹ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਆਪਣੇ ਕੰਮਕਾਜ ਦੀ ਦੇਖਭਾਲ ਕਿਸ ਤੋਂ ਕਰਾਉਣਾ ਚਾਹੁੰਦੇ ਹੋ ਅਤੇ ਜੇ ਤੁਸੀਂ ਆਪਣੇ ਖ਼ੁਦ ਦੇ ਕੰਮ ਕਰਨ ਦੇ ਅਸਮਰੱਥ ਹੋ ਗਏ ਹੋ, ਤਾਂ ਤੁਸੀਂ ਕੀ ਚਾਹੁੰਦੇ ਹੋ ਕਿ ਤੁਹਾਡਾ ਮੁਖ਼ਤਾਰ ਤੁਹਾਡੇ ਲਈ ਕੀ ਕਰਨ ਦੇ ਸਮਰੱਥ ਹੋਵੇ। PoA ਤੁਹਾਡੇ ਲਈ ਫ਼ੈਸਲੇ ਕਰਨ ਵਾਸਤੇ ਮੁਖ਼ਤਾਰ ਨੂੰ ਕਾਨੂੰਨੀ ਅਖ਼ਤਿਆਰ ਦਿੰਦਾ ਹੈ।

## ਅਸਮਰੱਥ ਹੋਣ ਦਾ ਕੀ ਮਤਲਬ ਹੈ?

ਕਿਸੇ ਦੀ ਸਮਰੱਥਾ ਹੌਲੀ ਹੌਲੀ ਜਾਂ ਕਿਸੇ ਹਾਦਸੇ ਜਾਂ ਬਿਮਾਰੀ ਦੇ ਨਤੀਜੇ ਵਜੋਂ ਅਚਾਨਕ ਖ਼ਰਾਬ ਹੋ ਸਕਦੀ ਹੈ। ਇੱਕ ਰਜਿਸਟਰਡ ਅਤੇ ਲਾਇਸੈਂਸਸ਼ੁਦਾ ਮੈਡੀਕਲ ਡਾੱਕਟਰ ਦੱਸ ਸਕੇਗਾ ਕਿ ਉਹ ਵਿਅਕਤੀ ਫ਼ੈਸਲੇ ਕਰਨ ਦੇ ਸਮਰੱਥ ਹੈ ਜਾਂ ਨਹੀਂ।

## ਮੈਨੂੰ ਇੱਕ ਮੁਖ਼ਤਾਰਨਾਮੇ (PoA) ਦੀ ਲੋੜ ਕਿਉਂ ਪਏਗੀ?

ਇਹ ਤੁਹਾਨੂੰ, ਉਹਨਾਂ ਕੰਮਾਂ ਦੀ ਯੋਜਨਾ ਬਣਾਉਣ ਦਿੰਦਾ ਹੈ, ਜੋ ਤੁਸੀਂ, ਭਵਿੱਖ ਵਿਚ ਕਿਸੇ ਵਲੋਂ ਆਪਣੇ ਲਈ ਕਰਵਾਉਣਾ ਚਾਹੁੰਦੇ ਹੋ।

## ਕੀ ਹੋਏਗਾ, ਜੇ ਮੇਰੇ ਕੋਲ PoA ਨਾ ਹੋਵੇ?

ਤੁਹਾਡੇ ਪਰਿਵਾਰ ਜਾਂ ਦੋਸਤ/ਸਹੇਲੀਆਂ ਨੂੰ ਤੁਹਾਡੇ ਵਲੋਂ ਕਾਰਵਾਈ ਕਰਨ ਲਈ, ਅਖ਼ਤਿਆਰ ਹਾਸਿਲ ਕਰਨ ਵਾਸਤੇ ਅਦਾਲਤ ਜਾਣਾ ਪਏਗਾ।

## ਕੀ ਮੇਰਾ ਸਾਥੀ ਜਾਂ ਪਰਿਵਾਰ ਵਾਲੇ ਇੱਕ PoA ਦੇ ਬਿਨਾ ਮਦਦ ਕਰ ਸਕਣਗੇ?

ਨਹੀਂ, ਕਿਸੇ ਨੂੰ ਵੀ, ਬਿਨਾ ਕਿਸੇ ਕਾਨੂੰਨੀ ਅਖ਼ਤਿਆਰ ਦੇ ਤੁਹਾਡੇ ਵਲੋਂ ਕਾਰਵਾਈਆਂ ਕਰਨ ਦਾ ਆਪਣੇ ਆਪ ਹੱਕ ਨਹੀਂ ਮਿਲਦਾ।

## ਕੀ PoA ਬਜ਼ੁਰਗ ਲੋਕਾਂ ਲਈ ਨਹੀਂ ਹੈ?

ਨਹੀਂ, ਕੋਈ ਵੀ ਇਹ ਮੰਨਣਾ ਨਹੀਂ ਚਾਹੁੰਦਾ, ਕਿ ਉਹ ਆਪਣੇ ਆਪ ਦੀ ਦੇਖਭਾਲ ਕਰਨ ਦੇ ਸਮਰੱਥ ਨਹੀਂ ਹੈ, ਪਰ ਹਾਦਸੇ ਜਾਂ ਬਿਮਾਰੀ ਕਿਸੇ ਨਾਲ ਵੀ ਹੋ ਸਕਦੀ ਹੈ।

## ਕੀ PoA ਅਮੀਰ ਲੋਕਾਂ ਲਈ ਨਹੀਂ ਹੈ?

ਨਹੀਂ, ਇਹ ਸਿਰਫ਼ ਪੈਸਿਆਂ/ਜਾਇਦਾਦ ਦੀ ਦੇਖਭਾਲ ਰੱਖਣ ਬਾਰੇ ਨਹੀਂ ਹੈ, ਇਹ, ਤੁਹਾਨੂੰ ਇਸ ਗੱਲ ਦੀ ਯੋਜਨਾ ਬਣਾਉਣ ਦਿੰਦਾ ਹੈ ਕਿ ਤੁਹਾਡੇ ਲਈ ਵਿਅਕਤੀਗਤ ਭਲਾਈ ਦੇ ਮੁੱਦਿਆਂ ਬਾਰੇ ਕਿਸਨੂੰ ਫ਼ੈਸਲਾ ਲੈਣਾ ਚਾਹੀਦਾ ਹੈ।

## ਮੈਂ PoA ਵਿਚ ਕਿਸ ਤਰ੍ਹਾਂ ਦੀਆਂ ਚੀਜ਼ਾਂ ਸ਼ਾਮਿਲ ਕਰ ਸਕਦਾ/ਸਕਦੀ ਹਾਂ?

ਤੁਸੀਂ, ਰੁਪਏ-ਪੈਸੇ ਜਾਂ ਜਾਇਦਾਦ ਵਾਲੀਆਂ ਚੀਜ਼ਾਂ (ਜਿਸ ਨੂੰ ਲੰਮੀ ਮਿਆਦ ਵਾਲਾ PoA ਕਿਹਾ ਜਾਂਦਾ ਹੈ) ਹੀ ਜਾਂ ਸਿਰਫ਼ ਤੁਹਾਡੀ ਸਿਹਤ ਜਾਂ ਵਿਅਕਤੀਗਤ ਭਲਾਈ (ਜਿਸ ਨੂੰ ਭਲਾਈ ਵਾਲਾ PoA ਕਿਹਾ ਜਾਂਦਾ ਹੈ) ਬਾਰੇ ਜਾਂ ਦੋਵਾਂ ਨੂੰ ਸ਼ਾਮਿਲ ਕਰ ਸਕਦੇ ਹੋ।

## ਆਪਣੇ ਮੁਖ਼ਤਾਰ ਵਜੋਂ ਮੈਂ ਕਿਸਨੂੰ ਨਿਯੁਕਤ ਕਰ ਸਕਦਾ/ਸਕਦੀ ਹਾਂ?

ਤੁਸੀਂ ਜਿਸਨੂੰ ਚਾਹੋ, ਪਰਿਵਾਰ ਦੇ ਇੱਕ ਜੀਅ ਜਾਂ ਦੋਸਤ/ਸਹੇਲੀ, ਸਾੱਲੀਸਿਟਰ ਜਾਂ ਅਕਾਉਂਟੈਂਟ ਜਾਂ ਇਹਨਾਂ ਦੇ ਸੁਮੇਲ ਨੂੰ ਨਿਯੁਕਤ ਕਰ ਸਕਦੇ ਹੋ। ਤੁਸੀਂ ਕਿਸੇ ਨੂੰ ਆਪਣੇ ਮਾਲੀ ਮਾਮਲਿਆਂ ਨਾਲ ਨਜਿੱਠਣ ਲਈ ਅਤੇ ਕਿਸੇ ਹੋਰ ਨੂੰ ਆਪਣੀ ਵਿਅਕਤੀਗਤ ਭਲਾਈ ਨਾਲ ਨਜਿੱਠਣ ਲਈ ਨਿਯੁਕਤ ਕਰ ਸਕਦੇ ਹੋ। ਪਰ, ਕਿਸੇ ਅਜਿਹੇ ਵਿਅਕਤੀ, ਜਿਸਨੂੰ ਕਿ ਇਸ ਵੇਲੇ ਦੀਵਾਲੀਆ ਐਲਾਨਿਆ ਗਿਆ ਹੈ, ਨੂੰ ਲੰਮੀ ਮਿਆਦ ਵਾਲੇ ਮੁਖ਼ਤਾਰ ਵਜੋਂ ਨਿਯੁਕਤ ਨਹੀਂ ਕੀਤਾ ਜਾ ਸਕਦਾ।

## ਮੈਂ ਇਹ ਕਿਵੇਂ ਜਾਂ ਕਿਥੋਂ ਪ੍ਰਾਪਤ ਕਰ ਸਕਦਾ/ਸਕਦੀ ਹੈ?

ਕੋਈ ਵੀ ਸਥਾਨਕ ਸਾੱਲੀਸਿਟਰ PoA ਦਾ ਖ਼ਰੜਾ ਬਣਾਉਣ ਵਿਚ ਤੁਹਾਡੀ ਮਦਦ ਕਰਨ ਅਤੇ ਇਸ ਮਾਮਲੇ ਬਾਰੇ ਸਲਾਹ ਦੇਣ ਦੇ ਸਮਰੱਥ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ, ਕੁਝ ਕੰਪਨੀਆਂ ਅਤੇ ਸਟੇਸ਼ਨਰੀ ਦੀਆਂ ਦੁਕਾਨਾਂ PoA ਦੇ ਪੈਕ ਵੇਚਦੀਆਂ ਹਨ। ਸਰਕਾਰੀ ਸਰਪ੍ਰਸਤ ਸਬੰਧੀ ਵੈਬਸਾਈਟ ਖ਼ਾਕਾ ਦਰਸਾਉਂਦੀ ਹੈ ਕਿ PoA ਦਸਤਾਵੇਜ਼ ਕਿਹੋ ਜਿਹਾ ਨਜ਼ਰ ਆ ਸਕਦਾ ਹੈ।

## ਇਸ 'ਤੇ ਕਿੰਨਾ ਖ਼ਰਚਾ ਆਉਂਦਾ ਹੈ?

ਇੱਕ ਪੇਸ਼ੇਵਰ, PoA ਤਿਆਰ ਕਰਨ ਲਈ, ਤੁਹਾਡੇ ਤੋਂ ਲਾਗਤ ਲੈ ਸਕਦਾ ਹੈ ਅਤੇ ਕੀਮਤਾਂ ਵੱਖੋ-ਵੱਖਰੀਆਂ ਹੋ ਸਕਦੀਆਂ ਹਨ। PoA ਵਿਚ, ਪ੍ਰੈਕਟਿਸ ਕਰ ਰਹੇ ਸਾੱਲੀਸਿਟਰ ਜਾਂ ਰਜਿਸਟਰਡ ਅਤੇ ਲਾਇਸੈਂਸਸ਼ੁਦਾ ਮੈਡੀਕਲ ਡਾੱਕਟਰ ਦੇ ਇਸ ਕਥਨ ਵਾਲਾ ਕਿ ਤੁਸੀਂ PoA ਨੂੰ ਸਮਝ ਸਕਣ ਦੇ ਸਮਰੱਥ ਹੋ, ਨਾਲ ਦਸਤਖ਼ਤ ਵਾਲਾ ਇੱਕ ਸਰਟੀਫ਼ਿਕੇਟ ਸ਼ਾਮਿਲ ਹੋਣਾ ਚਾਹੀਦਾ ਹੈ ਅਤੇ ਉਹ, ਤੁਹਾਡੇ ਤੋਂ ਇਸ ਸੇਵਾ ਲਈ ਫ਼ੀਸ ਲੈ ਸਕਦੇ ਹਨ।

ਸਰਕਾਰੀ ਸਰਪ੍ਰਸਤ ਦਾ ਦਫ਼ਤਰ, ਸਕਾੱਟਲੈਂਡ (OPG) ਇਸ ਸੇਵਾ ਲਈ ਰਜਿਸਟ੍ਰੇਸ਼ਨ ਫ਼ੀਸ ਲੈਂਦਾ ਹੈ। ਸਾਡੀ ਮੌਜੂਦਾ ਫ਼ੀਸ ਬਾਰੇ ਪਤਾ ਲਾਉਣ ਲਈ, ਕਿਰਪਾ ਕਰਕੇ ਦਫ਼ਤਰ ਨਾਲ ਸੰਪਰਕ ਕਰੋ ਜਾਂ ਵੈਬਸਾਈਟ 'ਤੇ ਫ਼ੀਸ ਦੀ ਸੂਚੀ ਵੇਖੋ।

## ਮੇਰੇ PoA ਨਾਲ ਕੀ ਹੁੰਦਾ ਹੈ?

ਇਸਨੂੰ ਵਰਤੋਂ ਵਿਚ ਲਿਆਉਣ ਤੋਂ ਪਹਿਲਾਂ ਇਹ OPG ਕੋਲ ਰਜਿਸਟਰ ਹੋਣਾ ਚਾਹੀਦਾ ਹੈ, ਭਾਵੇਂ ਕਿ ਤੁਸੀਂ ਅਜੇ ਵੀ ਆਪਣੇ ਖ਼ੁਦ ਦੇ ਕੰਮ ਕਰਨ ਦੇ ਸਮਰੱਥ ਹੋ। ਹੇਠਾਂ ਦਿੱਤਿਆਂ ਨੂੰ OPG ਕੋਲ ਭੇਜਿਆ ਜਾਣਾ ਚਾਹੀਦਾ ਹੈ, ਤਾਂ ਜੋ PoA ਰਜਿਸਟਰ ਕਰਾਇਆ ਜਾਏ:

- ਤੁਹਾਡਾ ਦਸਤਖ਼ਤ ਕੀਤਾ ਹੋਇਆ PoA, ਜਿਸ ਨਾਲ ਜਾਂ ਤਾਂ ਸਾੱਲੀਸਿਟਰ ਜਾਂ ਮੈਡੀਕਲ ਪ੍ਰੈਕਟਿਸ਼ਨਰ ਵਲੋਂ ਦਸਤਖ਼ਤ ਕੀਤਾ ਹੋਇਆ ਸਰਟੀਫ਼ਿਕੇਟ ਲੱਗਿਆ ਹੋਣਾ ਚਾਹੀਦਾ ਹੈ।
- ਇਸ ਗੱਲ ਦੀ ਪੁਸ਼ਟੀ ਕਿ ਤੁਹਾਡਾ/ਤੁਹਾਡੇ ਮੁਖ਼ਤਾਰ ਤੁਹਾਡੇ ਵਲੋਂ ਕੰਮ ਕਰਨ ਲਈ ਸੁਤੰਤਰ ਹਨ।
- ਰਜਿਸਟ੍ਰੇਸ਼ਨ ਫ਼ੀਸ।

ਤੁਸੀਂ ਇਹ ਦਸਤਾਵੇਜ਼ ਜਾਂ ਤਾਂ ਡਾਕ ਰਾਹੀਂ ਭੇਜ ਸਕਦੇ ਹੋ ਜਾਂ ਤੁਸੀਂ ਮੁਖ਼ਤਾਰਨਾਮੇ ਦੀ ਇਲੈਕਟ੍ਰਾੱਨਿਕ ਰਜਿਸਟ੍ਰੇਸ਼ਨ (EPOAR) ਸਹੂਲਤ ਦੀ ਵਰਤੋਂ ਕਰਦਿਆਂ ਉਹਨਾਂ ਨੂੰ ਇਲੈਕਟ੍ਰਾੱਨੀਕਲੀ ਜਮ੍ਹਾ ਕਰਾ ਸਕਦੇ ਹੋ। ਇਸ ਸਹੂਲਤ ਦੀ ਵਰਤੋਂ ਬਾਰੇ ਪੜਾਅ-ਦਰ-ਪੜਾਅ ਸੇਧ ਵੈਬਸਾਈਟ ਦੇ EPOAR ਪੇਜ 'ਤੇ ਉਪਲਬਧ ਹੈ।

## OPG ਮੇਰੇ PoA ਨਾਲ ਕੀ ਕਰਦਾ ਹੈ?

ਇੱਕ ਵਾਰੀ PoA ਰਜਿਸਟਰਡ ਹੁੰਦਿਆਂ ਹੀ, OPG, PoA ਅਤੇ ਇੱਕ ਸਰਟੀਫ਼ਿਕੇਟ ਨਾਲ PoA ਦੀ ਇੱਕ ਪ੍ਰਮਾਣਕ ਨਕਲ ਇਸ ਨੂੰ ਭੇਜਣ ਵਾਲੇ ਵਿਅਕਤੀ ਨੂੰ ਵਾਪਸ ਭੇਜੇਗਾ। OPG ਤੁਹਾਨੂੰ ਵੀ PoA ਦੀ ਇੱਕ ਨਕਲ ਭੇਜੇਗਾ।

## ਕੀ ਮੇਰਾ ਮੁਖ਼ਤਾਰ ਮੇਰੇ ਅਸਮਰੱਥ ਹੋਣ ਤੋਂ ਪਹਿਲਾਂ PoA ਦੀ ਵਰਤੋਂ ਕਰ ਸਕਦਾ/ਸਕਦੀ ਹੈ?

ਹਾਂ, ਜੇ ਤੁਸੀਂ ਚਾਹੁੰਦੇ ਹੋ ਕਿ ਉਹ ਇੰਜ ਕਰਨ, ਤਾਂ ਉਹ ਤੁਹਾਡੇ ਰੁਪਏ-ਪੈਸੇ ਨਾਲ ਤੁਹਾਡੀ ਮਦਦ ਕਰ ਸਕਦਾ/ਸਕਦੀ ਹੈ, ਪਰ ਉਹ, ਤੁਹਾਡੀ ਭਲਾਈ ਬਾਰੇ ਫ਼ੈਸਲੇ ਨਹੀਂ ਲੈ ਸਕਦੇ, ਜਦੋਂ ਤਕ ਕਿ ਅੱਗੋਂ ਤੁਸੀਂ ਆਪਣੇ ਆਪ ਉਹ ਫ਼ੈਸਲੇ ਨਹੀਂ ਲੈ ਸਕਦੇ।